((address_line_1))
((address_line_2))
((address_line_3))
((address_line_4))
((address_line_5))
((address_line_6))
((address_line_7))

**ਮਿਤੀ:** ((date))
**ਐੱਨ.ਐੱਚ.ਐੱਸ. ਨੰਬਰ:** ((nhsNumber))

# ਆਪਣੇ ਐੱਨ.ਐੱਚ.ਐੱਸ. ਦੇ ਬਸੰਤ-ਰੁੱਤ ਦੇ ਕੋਵਿਡ-19 ਟੀਕਾਕਰਨ ਲਈ ਬੁਕਿੰਗ ਕਰਨੀ

((fullName)),

ਤੁਸੀਂ ਆਪਣੇ ਐੱਨ.ਐੱਚ.ਐੱਸ. ਦੇ ਬਸੰਤ-ਰੁੱਤ ਦੇ ਮੁਫ਼ਤ ਕੋਵਿਡ-19 ਟੀਕਾਕਰਨ ਲਈ ਬੁਕਿੰਗ ਕਰ ਸਕਦੇ ਹੋ। ਅਜਿਹਾ ਇਸ ਲਈ ਹੈ ਕਿਉਂਕਿ ਤੁਹਾਡਾ ਐੱਨ.ਐੱਚ.ਐੱਸ. ਰਿਕਾਰਡ ਇਹ ਸੁਝਾਉਂਦਾ ਹੈ ਕਿ ਤੁਹਾਡੀ ਕਮਜ਼ੋਰ ਰੋਗ-ਪ੍ਰਤੀਰੋਧਕ ਪ੍ਰਣਾਲੀ **ਹੋ ਸਕਦੀ ਹੈ**। ਤੁਹਾਡੇ ਵੱਲੋਂ ਟੀਕਾ ਲਗਵਾਉਣ ਤੋਂ ਪਹਿਲਾਂ ਇਸ ਦੀ ਪੁਸ਼ਟੀ ਕਰਨ ਦੀ ਲੋੜ ਹੋਵੇਗੀ।

## ਅਪੌਇੰਟਮੈਂਟ ਕਿਵੇਂ ਲੈਣੀ ਹੈ

- **ਐੱਨ.ਐੱਚ.ਐੱਸ. ਐਪ 'ਤੇ** ਜਾਂ **www.nhs.uk/book-covid** 'ਤੇ ਔਨਲਾਈਨ ਬੁੱਕ ਕਰੋ
- **www.nhs.uk/covid-walk-in**'ਤੇ ਵਾਕ-ਇਨ ਸਾਈਟ ਬਾਰੇ ਪਤਾ ਲਗਾਓ

ਤੁਹਾਨੂੰ **17 ਜੂਨ 2025** ਤੋਂ ਪਹਿਲਾਂ ਬੁਕਿੰਗ ਕਰਨੀ ਚਾਹੀਦੀ ਹੈ ਆਪਣਾ ਟੀਕਾਕਰਨ ਕਰਵਾਉਣ ਲਈ ਇਹ ਅੰਤਿਮ ਤਾਰੀਖ ਹੈ।

## ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਹੈ

ਜੇਕਰ ਤੁਸੀਂ ਆਨਲਾਈਨ ਨਹੀਂ ਜਾ ਸਕਦੇ, ਤਾਂ **119** 'ਤੇ ਫ਼ੋਨ ਕਰੋ । ਅਨੁਵਾਦਕ ਉਪਲਬਧ ਹਨ। ਤੁਸੀਂ ਟੈਕਸਟ ਫ਼ੋਨ **18001 119** ਦੀ ਵਰਤੋਂ ਵੀ ਕਰ ਸਕਦੇ ਹੋ ਜਾਂ **www.signvideo.co.uk/nhs119**'ਤੇ ਐੱਨ.ਐੱਚ.ਐੱਸ. ਦੀ ਬਰਤਾਨਵੀ ਸੰਕੇਤਕ ਭਾਸ਼ਾ ਸੇਵਾ ਦੀ ਵਰਤੋਂ ਕਰ ਸਕਦੇ ਹੋ

ਜੇਕਰ ਤੁਸੀਂ ਘਰ ਵਿੱਚ ਦੇਖਭਾਲ ਕਰਵਾਉਂਦੇ ਹੋ, ਤਾਂ **ਘਰ ਦੇ ਦੌਰੇ** ਲਈ ਆਪਣੀ ਜੀ.ਪੀ. ਸਰਜਰੀ ਨਾਲ ਸੰਪਰਕ ਕਰੋ। ਜੇਕਰ ਉਹ ਇੰਤਜਾਮ ਨਹੀਂ ਕਰ ਸਕਦੇ, ਤਾਂ **www.england.nhs.uk/covid-vaccination-contacts** 'ਤੇ ਸਹਾਇਤਾ ਪ੍ਰਾਪਤ ਕਰੋ।

ਇਸ ਸੱਦੇ ਦੇ ਹੋਰ ਫਾਰਮੇਟ ਉਪਲਬਧ ਹਨ ਅਸਾਨ ਪੜ੍ਹਤ, ਆਡੀਓ, ਬੀ.ਐੱਸ.ਐੱਲ. ਅਤੇ ਅਨੁਵਾਦਾਂ ਲਈ **www.england.nhs.uk/seasonal-invites**'ਤੇ ਜਾਓ।

## ਐੱਨ.ਐੱਚ.ਐੱਸ. ਬਸੰਤ-ਰੁੱਤ ਦੇ ਕੋਵਿਡ-19 ਟੀਕਾਕਰਨ ਦੀ ਪੇਸ਼ਕਸ਼ ਕਿਉਂ ਕਰ ਰਹੀ ਹੈ

ਕੋਵਿਡ-19 ਦੀ ਲਾਗ ਸਾਰਾ ਹੋ ਸਕਦੀ ਹੈ ਅਤੇ ਇਸ ਤੋਂ ਬਚਾਅ ਕਰਨਾ ਮੁਸ਼ਕਿਲ ਹੋ ਸਕਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਸੁਰੱਖਿਆ ਵਿੱਚ ਵਾਧਾ ਕਰੋ ਕਿਉਂਕਿ ਸਮੇਂ ਦੇ ਨਾਲ ਇਹ ਘੱਟ ਜਾਂਦੀ ਹੈ ਅਤੇ ਵਾਇਰਸ ਦੀ ਕਿਸਮ ਬਦਲ ਸਕਦੀ ਹੈ

ਕਮਜ਼ੋਰ ਪ੍ਰਤੀਰੋਧਕ ਪ੍ਰਣਾਲੀਆਂ ਵਾਲੇ ਵਿਅਕਤੀਆਂ ਨੂੰ ਕੋਵਿਡ-19 ਤੋਂ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਵਧਿਆ ਹੋਇਆ ਜੋਖਮ ਹੁੰਦਾ ਹੈ। ਆਪਣਾ ਕੋਵਿਡ-19 ਟੀਕਾ ਲਗਵਾਉਣਾ ਤੁਹਾਡੇ ਗੰਭੀਰ ਲੱਛਣ ਹੋਣ ਦੇ ਜੋਖਮ ਨੂੰ ਘੱਟ ਕਰੇਗਾ। **www.nhs.uk/covidvaccination** 'ਤੇ 'ਤੇ ਤੁਸੀਂ ਹੋਰ ਪੜ੍ਹ ਸਕਦੇ ਹੋ।

## ਪਤਾ ਲਗਾਓ ਕਿ ਕੀ ਤੁਹਾਡੀ ਕਮਜ਼ੋਰ ਰੋਗ-ਪ੍ਰਤੀਰੋਧਕ ਪ੍ਰਣਾਲੀ ਹੈ

ਤੁਹਾਡੀ ਕਮਜ਼ੋਰ ਰੋਗ ਪ੍ਰਤੀਰੋਧਕ ਪ੍ਰਣਾਲੀ **ਹੋ ਸਕਦੀ ਹੈ** ਜੇਕਰ:

- ਤੁਹਾਨੂੰ ਖੂਨ ਦਾ ਕੈਂਸਰ (ਲਿਊਕੇਮੀਆ, ਲਿੰਫੋਮਾ ਜਾਂ ਮਾਇਲੋਮਾ) ਹੈ ਜਾਂ ਹੋਇਆ ਸੀ
- ਤੁਸੀਂ ਕਿਸੇ ਅੰਗ, ਬੋਨ ਮੈਰੋ ਜਾਂ ਸਟੈਮ ਸੈੱਲ ਦਾ ਟ੍ਰਾਂਸਪਲਾਂਟ (ਅੰਗ-ਬਦਲੀ) ਕਰਵਾਇਆ ਸੀ।
- ਤੁਹਾਨੂੰ ਐੱਚ.ਆਈ.ਵੀ. ਹੈ।
- ਤੁਹਾਡੀ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲਾ ਅਨੁਵੰਸ਼ਕ ਵਿਗਾੜ ਹੈ।
- ਤੁਸੀਂ ਕੀਮੋਥੈਰੇਪੀ, ਜੈਵਿਕ ਥੈਰੇਪੀ ਜਾਂ ਰੇਡੀਓਥੈਰੇਪੀ ਕਰਵਾ ਰਹੇ ਹੋ ਜਾਂ ਹਾਲ ਹੀ ਵਿੱਚ ਕਰਵਾਈ ਸੀ।
- ਤੁਸੀਂ ਆਪਣੀ ਦਵਾਈ ਦੀ ਖੁਰਾਕ ਦੇ ਦੇ ਆਧਾਰ 'ਤੇ ਸਟੀਰੌਇਡ ਦਵਾਈ ਲੈਂਦੇ ਹੋ
- ਤੁਸੀਂ ਇਮਿਊਨੋਸਪ੍ਰੈਸਿਵ ਇਲਾਜ ਕਰਵਾ ਰਹੇ ਹੋ।

ਇਹ ਸੂਚੀ ਇੱਕ ਸਾਰ ਹੈ ਅਤੇ ਹਰੇਕ ਚੀਜ਼ ਨੂੰ ਸ਼ਾਮਲ ਨਹੀਂ ਕਰਦੀ ਜੇਕਰ ਤੁਹਾਨੂੰ ਯਕੀਨੀ ਤੌਰ 'ਤੇ ਪਤਾ ਨਹੀਂ ਹੈ ਤਾਂ ਆਪਣੇ ਫਾਰਮਾਸਿਸਟ, ਜੀ.ਪੀ. ਸਰਜਰੀ ਜਾਂ ਮਾਹਰ-ਡਾਕਟਰ ਨਾਲ ਗੱਲ ਕਰੋ।

ਤੁਹਾਡੀ ਹਿਤੂ,

ਐੱਨ.ਐੱਚ.ਐੱਸ. ਇੰਗਲੈਂਡ ਟੀਕਾਕਰਨ ਟੀਮ

ਡੇਟਾ ਸੁਰੱਖਿਆ: ਐੱਨ.ਐੱਚ.ਐੱਸ. ਇੰਗਲੈਂਡ ਰਾਸ਼ਟਰੀ ਟੀਕਾਕਰਨ ਪ੍ਰੋਗਰਾਮਾਂ ਦੇ ਉਦੇਸ਼ਾਂ ਲਈ ਤੁਹਾਡੇ ਨਿੱਜੀ ਡੇਟਾ ਦੀ ਪ੍ਰਕਿਰਿਆ ਕਰਨ ਲਈ ਜ਼ਿੰਮੇਵਾਰ ਹੈ। ਹੋਰ ਜਾਣਨ ਲਈ, ਤੁਸੀਂ ਸਾਡੇ ਨਿੱਜਤਾ ਨੋਟਿਸ ਲਈ ਇੱਥੇ ਪਹੁੰਚ ਕਰ ਸਕਦੇ ਹੋ: **www.england.nhs.uk/contact-us/privacy-notice** ਜੇਕਰ ਤੁਹਾਡੇ ਕੋਲ ਇਸ ਸੱਦੇ ਬਾਰੇ ਕੋਈ ਸਵਾਲ ਹੈ, ਤਾਂ **www.england.nhs.uk/invite-enquiry** 'ਤੇ ਜਾਓ। **ਚੋਣ ਨਾ ਕਰਨ ਲਈ: www.nhs.uk/covid-invite-preferences**।